# ਨੌਜਵਾਨਾਂ ਲਈ ਕੋਵਿਡ-19 ਵੈਕਸੀਨ ਅਪੌਇੰਟਮੈਂਟਾਂ ਕਿਵੇਂ ਬੁਕ ਕਰੀਏ

ਇਹ ਪੰਨਾ ਦਰਸਾਉਂਦਾ ਹੈ ਕਿ ਨੌਜਵਾਨਾਂ ਲਈ ਕੋਵਿਡ-19 ਵੈਕਸੀਨ ਪ੍ਰਾਪਤ ਕਰਨ ਲਈ ਅਪੌਇੰਟਮੈਂਟਾਂ ਕਿਵੇਂ ਬੁਕ ਕਰੀਏ।

ਜਾਣਨ ਲਈ ਮਹੱਤਵਪੂਰਨ ਚੀਜ਼ਾਂ:

- 12 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਨੌਜਵਾਨਾਂ ਲਈ ਟੀਕਾਕਰਣ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਕੋਵਿਡ-19 ਤੋਂ ਰੱਖਿਆ ਦਾ ਸਭ ਤੋਂ ਵਧੀਆ ਤਰੀਕਾ ਹੈ।
- 12-17 ਸਾਲਾਂ ਦੀ ਉਮਰ ਦੇ ਜਿਹੜੇ ਨੌਜਵਾਨ ਹਾਲਟਨ ਰੀਜਨ ਵਿੱਚ ਰਹਿੰਦੇ ਜਾਂ ਸਕੂਲ ਜਾਂਦੇ ਹਨ, ਅਤੇ 18 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਵਿਦਿਆਰਥੀ ਜਿਹੜੇ ਫੌਲ ਵਿੱਚ ਸੈਕੰਡਰੀ ਸਕੂਲ ਨੂੰ ਪਰਤ ਰਹੇ ਹਨ, ਅਪੌਇੰਟਮੈਂਟਾਂ ਬੁਕ ਕਰ ਸਕਦੇ ਹਨ।
- ਨੌਜਵਾਨਾਂ ਨੂੰ ਜੂਨ ਵਿੱਚ ਪਹਿਲੀ ਖੁਰਾਕ ਅਤੇ ਅਗਸਤ ਦੇ ਅਖੀਰ ਤੱਕ ਦੂਸਰੀ ਖੁਰਾਕ ਪ੍ਰਾਪਤ ਕਰਨ ਲਈ ਦ੍ਰਿੜਤਾ ਨਾਲ ਉਤਸ਼ਾਹਿਤ ਕੀਤਾ ਜਾਂਦਾ ਹੈ।

## ਨੌਜਵਾਨਾਂ ਲਈ ਕੋਵਿਡ-19 ਵੈਕਸੀਨ ਅਪੌਇੰਟਮੈਂਟਾਂ ਕਿਵੇਂ ਬੁਕ ਕਰੀਏ

1. ਔਨਲਾਈਨ ਅਪੌਇੰਟਮੈਂਟ ਬੁਕ ਕਰਨ ਲਈ, ਹਾਲਟਨ ਦੇ ਕੋਵਿਡ-19 ਵੈਕਸੀਨੇਸ਼ਨ ਕਲੀਨਿਕ ਵੈੱਬਪੇਜ ਤੇ ਜਾਓ।

2. ਨੀਲੇ ਬੈਨਰ ਵਿੱਚ "ਬੁਕ ਯੌਰ ਅਪੌਇੰਟਮੈਂਟ ਨਾਓ" ਤੇ ਕਲਿਕ ਕਰੋ। ਵੈਕਸੀਨ ਅਪੌਇੰਟਮੈਂਟ ਫਾਰਮ ਤੱਕ ਪਹੁੰਚ ਪ੍ਰਾਪਤ ਕਰਨ ਲਈ, ਤੁਹਾਨੂੰ ਕ੍ਰੋਮ, ਸਫਾਰੀ, ਫਾਇਰਫੌਕਸ ਜਾਂ ਮਾਈਕ੍ਰੋਸੋਫਟ ਏਜ (ਸਿਰਫ ਵਿੰਡੋਜ਼ 10) ਦੇ ਨਵੇਂ ਵਰਜ਼ਨ ਦੀ ਲੋੜ ਹੋਵੇਗੀ।

   Book your appointment now
   Use the latest version of Chrome, Safari, Firefox or Microsoft Edge (windows 10 only)

3. "ਯੋਗਤਾ" ਸੈਕਸ਼ਨ ਦੇ ਹੇਠ **"12-17 ਸਾਲ ਦੇ ਬੱਚੇ ਅਤੇ ਸੈਕੰਡਰੀ ਸਕੂਲ ਨੂੰ ਪਰਤ ਰਹੇ ਯੋਗ ਵਿਦਿਆਰਥੀ"** ਟਾਇਲ ਚੁਣੋ ਅਤੇ ਥਲੇ ਦਿੱਤੀ ਲੋੜੀਂਦੀ ਜਾਣਕਾਰੀ ਨੂੰ ਪੂਰਾ ਕਰਨ ਲਈ ਹੇਠਾਂ ਸਕ੍ਰੋਲ ਕਰੋ।

4. ਨੌਜਵਾਨ ਦੀ ਜਨਮ ਮਿਤੀ ਅਤੇ ਪੋਸਟਲ ਕੋਡ ਦਰਜ ਕਰੋ। ਐਲਰਜੀਆਂ ਬਾਰੇ ਸਵਾਲ ਦਾ ਜਵਾਬ ਦਿਓ। ਕਿਹੜੀ ਅਪੌਇੰਟਮੈਂਟ ਬੁਕ ਕੀਤੀ ਜਾ ਰਹੀ ਹੈ (1ਲੀ ਅਤੇ 2ਰੀ ਖੁਰਾਕ) ਬਾਰੇ ਸਵਾਲ ਦਾ ਜਵਾਬ ਦਿਓ ਅਤੇ "ਨੈਕਸਟ" ਕਲਿਕ ਕਰੋ।

a. ਜੇ ਤੁਸੀਂ "ਸਿਰਫ 2ਰੀ ਖੁਰਾਕ" ਬੁਕ ਕਰ ਰਹੇ ਹੋ, ਤਾਂ ਤੁਹਾਨੂੰ ਪਹਿਲੀ ਖੁਰਾਕ ਦੀ ਮਿਤੀ, ਕਿਹੜੀ ਵੈਕਸੀਨ ਦਿੱਤੀ ਗਈ ਸੀ ਅਤੇ ਕੀ ਪਹਿਲੀ ਖੁਰਾਕ ਓਨਟੈਰਿਓ ਵਿੱਚ ਦਿੱਤੀ ਗਈ ਸੀ ਦੱਸਣ ਲਈ ਕਿਹਾ ਜਾਵੇਗਾ।

5. "ਕਲਾਇੰਟ ਜਾਣਕਾਰੀ" ਦੇ ਥਲੇ, ਸਵਾਲ ਦਾ ਜਵਾਬ ਦਿਓ ਜੇਕਰ ਨੌਜਵਾਨ ਅਪੌਇੰਟਮੈਂਟ ਬੁਕ ਕਰ ਰਿਹਾ ਹੈ ਜਾਂ ਜੇ ਮਾਤਾ-ਪਿਤਾ/ਸਰਪ੍ਰਸਤ ਉਨ੍ਹਾਂ ਵਲੋਂ ਬੁਕ ਕਰ ਰਿਹਾ ਹੈ। ਨੌਜਵਾਨ ਦਾ ਪਹਿਲਾ ਅਤੇ ਆਖਰੀ ਨਾਮ ਲਿੱਖੋ। ਜੇ ਨੌਜਵਾਨ ਕੋਲ ਓਨਟੈਰਿਓ ਹੈਲਥ ਕਾਰਡ ਹੈ, ਤਾਂ ਨੰਬਰ ਦਰਜ ਕਰੋ। ਜੇ ਉਨ੍ਹਾਂ ਕੋਲ ਓਨਟੈਰਿਓ ਹੈਲਥ ਕਾਰਡ ਨਹੀਂ ਹੈ, ਤਾਂ ਸ਼ਨਾਖਤ ਦਾ ਵਿਕਲਪਿਕ ਰੂਪ ਚੁਣਨ ਲਈ "ਨਹੀਂ" ਚੁਣੋ, ਅਤੇ ਸ਼ਨਾਖਤ ਨੰਬਰ ਦਰਜ ਕਰੋ। ਜੇ ਉਨ੍ਹਾਂ ਕੋਲ ਸੂਚੀਬੱਧ ਕੀਤੀਆਂ ਗਈਆਂ ਵਿਕਲਪਿਕ ਆਈਡੀਆਂ (IDs) ਵਿੱਚੋਂ ਕੋਈ ਵੀ ਨਹੀਂ ਹੈ ਤਾਂ ਉਹ "ਹੋਰ" ਚੁਣ ਸਕਦੇ ਹਨ ਅਤੇ ਵਿਕਲਪਿਕ ਆਈਡੀ ਜਿਵੇਂ ਕਿ ਓਨਟੈਰਿਓ ਫੋਟੋ ਕਾਰਡ ਜਾਂ ਸਟੂਡੈਂਟ ਕਾਰਡ ਲਈ ਨੰਬਰ ਦਰਜ ਕਰ ਸਕਦੇ ਹਨ। ਜੇ ਨੌਜਵਾਨ ਕੋਲ ਵਿਕਲਪਿਕ ਸ਼ਨਾਖਤ ਦੇ ਰੂਪਾਂ ਵਿੱਚੋਂ ਕੋਈ ਵੀ ਕਿਸਮ ਨਹੀਂ ਹੈ, ਤਾਂ ਅਪੌਇੰਟਮੈਂਟ ਬੁਕ ਕਰਨ ਲਈ ਕਿਰਪਾ ਕਰਕੇ 311 ਨੂੰ ਕਾਲ ਕਰੋ।

    a. ਨੌਜਵਾਨ ਦਾ ਲਿੰਗ, ਪਤਾ, ਫੋਨ ਨੰਬਰ, ਈਮੇਲ ਪਤਾ (ਉਸ ਵਿਅਕਤੀ ਦਾ ਈਮੇਲ ਪਤਾ ਜਿਸ ਨੂੰ ਅਪੌਇੰਟਮੈਂਟ ਪੁਸ਼ਟੀਕਰਣ ਭੇਜਿਆ ਜਾਵੇਗਾ), ਦਰਜ ਕਰੋ ਅਤੇ ਦੱਸੋ ਜੇ ਤੁਸੀਂ ਹਾਲਟਨ ਰੀਜਨ ਕੋਲੋਂ ਤੁਹਾਡੀ ਅਪੌਇੰਟਮੈਂਟ ਨਾਲ ਸੰਬੰਧਤ ਈਮੇਲ ਸੰਚਾਰ ਪ੍ਰਾਪਤ ਕਰਨਾ ਚਾਹੁੰਦੇ ਹੋ। "ਨੈਕਸਟ" ਕਲਿਕ ਕਰੋ।

6. "ਅਪੌਇੰਟਮੈਂਟ ਚੁਣੋ" ਦੇ ਥਲੇ 1ਲੀ ਖੁਰਾਕ ਦਾ ਸਥਾਨ ਅਤੇ ਅਪੌਇੰਟਮੈਂਟ ਦਾ ਸਮਾਂ ਚੁਣੋ, "ਨੈਕਸਟ" ਕਲਿਕ ਕਰੋ। 2ਰੀ ਖੁਰਾਕ ਦਾ ਸਥਾਨ ਅਤੇ ਅਪੌਇੰਟਮੈਂਟ ਦਾ ਸਮਾਂ ਚੁਣੋ ਅਤੇ "ਨੈਕਸਟ" ਕਲਿਕ ਕਰੋ। (ਨੋਟ: ਅਪੌਇੰਟਮੈਂਟਾਂ ਇੱਕੋ ਸਥਾਨ ਤੇ ਹੋਣ ਦੀ ਲੋੜ ਨਹੀਂ ਹੈ।

7. "ਰਿਵਿਊ" ਸੈਕਸ਼ਨ ਦੇ ਥਲੇ, ਸਵਾਲ ਦਾ ਜਵਾਬ ਦਿਓ ਕਿ ਕੀ ਤੁਸੀਂ ਸੰਭਾਵੀ ਤੌਰ ਤੇ ਪਹਿਲਾਂ ਦੀ ਅਪੌਇੰਟਮੈਂਟ ਪ੍ਰਾਪਤ ਕਰਨ ਲਈ ਸਟੈਂਡਬਾਏ ਸੂਚੀ ਤੇ ਰਹਿਣਾ ਚਾਹੋਗੇ ਜਾਂ ਨਹੀਂ। ਪੁਸ਼ਟੀ ਕਰੋ ਜੇ ਪ੍ਰਦਾਨ ਕੀਤੀ ਜਾਣਕਾਰੀ ਸਹੀ ਹੈ ਜਾਂ ਨਹੀਂ ਅਤੇ "ਹੁਣੇ ਬੁੱਕ ਕਰੋ" ਤੇ ਕਲਿਕ ਕਰੋ।

8. "ਡਨ" ਦੇ ਥਲੇ, 1ਲੀ ਅਤੇ 2ਰੀ ਖੁਰਾਕ ਅਪੌਇੰਟਮੈਂਟ ਦੇ ਮੁਹੱਈਆ ਕੀਤੇ ਗਏ ਸਥਾਨ, ਮਿਤੀਆਂ ਅਤੇ ਸਮਿਆਂ ਦੀ ਪੁਸ਼ਟੀ ਕਰੋ। ਤੁਸੀਂ ਇਸ ਸਫੇ ਨੂੰ ਪ੍ਰਿੰਟ ਕਰ ਸਕੋਗੇ। ਜੇ ਤੁਸੀਂ ਈਮੇਲ ਪਤਾ ਮੁਹੱਈਆ ਕੀਤਾ ਹੈ, ਤਾਂ ਤੁਸੀਂ ਅਪੌਇੰਟਮੈਂਟ ਦੇ ਵੇਰਵਿਆਂ ਦੇ ਨਾਲ ਪੁਸ਼ਟੀਕਰਣ ਈਮੇਲ ਪ੍ਰਾਪਤ ਕਰੋਗੇ। ਤੁਸੀਂ ਅਪੌਇੰਟਮੈਂਟ ਵਾਲੇ ਦਿਨ ਦੇ ਨੇੜੇ ਇੱਕ ਰੀਮਾਈਂਡਰ ਈਮੇਲ ਵੀ ਪ੍ਰਾਪਤ ਕਰੋਗੇ।

ਜੇ ਤੁਹਾਨੂੰ ਇੰਨ੍ਹਾਂ ਕਦਮਾਂ ਦੀ ਪਾਲਣਾ ਕਰਕੇ ਅਪੌਇੰਟਮੈਂਟ ਬੁਕ ਕਰਨ ਵਿੱਚ ਪਰੇਸ਼ਾਨੀ ਹੁੰਦੀ ਹੈ, ਤਾਂ ਤੁਸੀਂ ਸਹਾਇਤਾ ਮੰਗਣ ਲਈ 311 ਤੇ ਫੋਨ ਕਰ ਸਕਦੇ ਹੋ। 311 ਤੇ ਕਿਰਪਾ ਕਰਕੇ ਤਾਂ ਹੀ ਫੋਨ ਕਰੋ ਜੇ ਤੁਸੀਂ ਔਨਲਾਈਨ ਬੁਕ ਰਰਨ ਵਿੱਚ ਅਸਮਰਥ ਹੋ।